# ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਦੀ ਤ੍ਰਾਸਦੀ ਬਾਰੇ ਕਨੇਡੀਅਨ ਸੁਪ੍ਰੀਮ ਕੋਰਟ ਦਾ ਫੈਸਲਾ

ਮਾਰਚ 15 ਨੂੰ ਕਨੇਡਾ ਦੀ ਸੁਪ੍ਰੀਮ ਕੋਰਟ ਨੇ1985 ਵਿਚ ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਨੂੰ ਬੰਬ ਨਾਲ ਉਡਾਉਣ ਦੇ ਜੁਰਮ ਵਿਚ ਦੋ ਮੁਲਜ਼ਮਾਂ ਨੂੰ ਬਰੀ ਕਰ ਦਿਤਾ ਹੈ। ਅਦਾਲਤ ਨੇ ਕਿਹਾ ਕਿ ਇਨ੍ਹਾਂ ਦੋ ਵਿਅਕਤਿਆਂ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਹਨ ਅਤੇ ਜਿਨ੍ਹਾਂ ਗਵਾਹਾਂ ਨੇ ਇਨ੍ਹਾਂ ਦੇ ਖ਼ਿਲਾਫ਼ ਗਵਾਹੀਆਂ ਦਿੱਤੀਆਂ ਹਨ ਉਹ ਕੋਈ ਭਰੋਸੇਯੋਗ ਗਵਾਹ ਨਹੀਂ ਹਨ। ਇਕ ਰਿਪੋਰਟ ਮੁਤਾਬਿਕ ਇਕ ਗਵਾਹ ਨੂੰ ਕਈ ਲੱਖ ਡਾਲਰ ਵੀ ਦਿੱਤੇ ਗਏ ਸੀ। ਇਹ ਵੀ ਦੱਸਿਆ ਜਾਂਦਾ ਹੈ ਕਿ ਮੁਕੱਦਮੇ ਦੌਰਾਨ ਇਸ ਗੱਲ ਦਾ ਵੀ ਇੰਕਸ਼ਾਫ ਹੋਇਆ ਕਿ ਪੁਲੀਸ ਨੇ ਕਈ ਸਬੂਤ ਆਪ ਹੀ ਖ਼ਤਮ ਕਰ ਦਿੱਤੇ ਸਨ। ਇਹ ਗੱਲ ਵੀ ਅਦਾਲਤ ਦੇ ਸਾਹਮਣੇ ਆਈ ਕਿ ਪੁਲੀਸ ਇਨ੍ਹਾਂ ਬੰਦਿਆਂ ਉਤੇ ਏਅਰ ਇੰਡੀਆ ਦੁਰਘਟਨਾ ਤੋਂ ਕੁਝ ਸਮੇਂ ਪਹਿਲਾਂ ਤੋਂ ਹੀ ਨਜ਼ਰ ਰਖ ਰਹੀ ਸੀ। ਉਨ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਬਾਰੇ ਪੁਲੀਸ ਨੂੰ ਪਤਾ ਸੀ। ਅਜਮੇਰ ਸਿੰਘ ਬਾਗੜੀ ਅਤੇ ਰਿਪੁਦਮਨ ਸਿੰਘ ਮਲਿਕ ਨੇ ਹਮੇਸ਼ਾ ਹੀ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਕਚਹਿਰੀ ਦੇ ਫੈਸਲੇ ਦੇ ਫੌਰਨ ਬਾਅਦ ਦੋਹਾਂ ਵਿਅਕੀਤਆਂ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਖੁਸ਼ੀਆਂ ਮਨਾਉਣ ਦੀਆਂ ਖ਼ਬਰਾਂ ਨਾਲ ਅਖ਼ਬਾਰ ਭਰੇ ਪਏ ਹਨ।

ਆਮ ਲੋਕ ਕਨੇਡਾ ਅਤੇ ਹਿੰਦੁਸਤਾਨ ਵਿਚ ਅਤੇ ਜਿਨ੍ਹਾਂ ਲੋਕਾਂ ਦੇ ਰਿਸ਼ਤੇਦਾਰ, ਭਾਈ ਭੈਣਾਂ ਅਤੇ ਹੋਰ ਸੱਜਣ ਇਸ ਤ੍ਰਾਸਦੀ ਵਿਚ ਹਲਾਕ ਹੋਏ ਉਹ ਪੁੱਛ ਰਹੇ ਹਨ ਕਿ ਕੀ ਗੱਲ ਹੈ ਕਿ ਕਰੋੜਾਂ ਡਾਲਰ ਖ਼ਰਚ ਕੇ ਅਤੇ 20 ਵਰ੍ਹਿਆਂ ਬਾਅਦ ਵੀ ਇਸ ਘਟਨਾ ਦੇ ਅਸਲੀ ਮੁਜਰਮ ਨਹੀਂ ਫੜੇ ਗਏ ਅਤੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਗਈ? ਸਾਰੇ ਹੀ ਇਨਸਾਫ ਪਸੰਦ ਲੋਕ ਇਸ ਹਾਦਸੇ ਦੇ ਅਸਲੀ ਮੁਜਰਮਾਂ ਨੂੰ ਇਨਸਾਫ ਦੇ ਕਟਹਿਰੇ ਵਿਚ ਲਿਆਉਣ ਲਈ ਸਰਕਾਰ ਤੋਂ ਆਸ ਕਰਦੇ ਹਨ ਪਰ ਐਸਾ ਹੋ ਨਹੀਂ ਸਕਿਆ। ਕੀ ਗੱਲ ਹੈ ਕਿ ਇਹੋ ਜਿਹੇ ਜੁਰਮਾਂ ਦੇ ਅਸਲੀ ਮੁਜਰਮ ਕਦੇ ਵੀ ਫੜੇ ਨਹੀਂ ਜਾਂਦੇ ਅਤੇ ਉਨ੍ਹਾਂ ਨੂੰ ਸਜ਼ਾ ਕਿਉਂ ਨਹੀਂ ਦਿੱਤੀ ਜਾਂਦੀ? ਮਿਸਾਲ ਦੇ ਤੌਰ ਤੇ 1984 ਵਿਚ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਬਾਰੇ ਪਿਛਲੇ 20 ਸਾਲਾਂ ਤੋਂ ਕਈ ਕਮਿਸ਼ਨ ਬੈਠ ਚੁੱਕੇ ਹਨ, ਕਈ ਇਨਕੁਆਰੀਆਂ ਹੋਇਆਂ ਹਨ ਪਰ ਇਨਸਾਫ ਨਹੀਂ ਹੋਇਆ। ਕਾਤਲ ਸ਼ਰੇਆਮ ਫਿਰ ਰਹੇ ਹਨ। ਏਸੇ ਤਰਾਂ ਹੀ ਗੁਜਰਾਤ ਵਿਚ ਹੋਏ ਕਤਲੇਆਮ ਦੇ ਅਪਰਾਧੀਆਂ ਨੂੰ ਵੀ ਕੋਈ ਸਜ਼ਾ ਨਹੀਂ ਦਿੱਤੀ ਗਈ।

ਜਦੋਂ 1985 ਵਿਚ ਇਹ ਜਹਾਜ਼ ਧਮਾਕੇ ਨਾਲ  ਡਿੱਗਿਆ ਸੀ ਤਾਂ ਉਸ ਵੇਲੇ ਹਿੰਦੁਸਤਾਨੀ ਸਟੇਟ ਅਤੇ ਕਨੇਡੀਅਨ ਸਟੇਟ ਦੋਹਾਂ ਨੇ ਹੀ ਇਸ ਤ੍ਰਾਸਦੀ ਨੂੰ ਆਪਣੇ ਸੌੜੇ ਹਿਤਾਂ ਲਈ ਵਰਤਿਆ ਸੀ। ਰਾਜੀਵ ਗਾਂਧੀ ਸਰਕਾਰ ਨੇ ਸਿੱਖਾਂ ਖ਼ਿਲਾਫ ਆਪਣੇ ਜ਼ਹਿਰੀਲੇ ਪ੍ਰਚਾਰ ਅਤੇ ਉਨ੍ਹਾਂ ਉਪਰ ਤਸ਼ੱਦਦ ਨੂੰ ਹੋਰ ਤੇਜ਼ ਕਰ ਦਿੱਤਾ। ਇਨ੍ਹਾਂ ਲਈ ਲੋਕਾਂ ਉਤੇ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਢਾਉਣ ਦਾ ਇਹ ਇਕ ਸੁਨਹਿਰੀ ਮੌਕਾ ਸੀ। ਉਨ੍ਹਾਂ ਇਸ ਤ੍ਰਾਸਦੀ ਨੂੰ ਲੋਕਾਂ ਖ਼ਿਲਾਫ ਇਕ ਹਥਿਆਰ ਦੇ ਤੌਰ ਤੇ ਵਰਤਿਆ। ਉਨ੍ਹਾਂ ਦੇ ਫਾਸ਼ੀ ਪ੍ਰਚਾਰ ਮੁਤਾਬਕ ਇਹ ਹਾਦਸਾ ਇਕ ਸਬੂਤ ਸੀ ਕਿ ਸਿੱਖ ਦਹਿਸ਼ਤਗਰਦ ਹਨ, ਸੋ ਪੰਜਾਬ ਵਿਚ ਮਸਲਾ ਸਿਰਫ਼ ਕਾਨੂੰਨ ਅਤੇ ਨਿਜ਼ਾਮ ਨੂੰ ਕਾਇਮ ਰੱਖਣ ਦਾ ਹੈ ਕੋਈ ਸਿਆਸੀ ਅਤੇ ਆਰਥਕ ਮਸਲੇ ਨਹੀਂ ਹਨ। ਸਰਕਾਰ ਨੇ ਇਸ ਨੂੰ ਪੰਜਾਬੀਆਂ ਦੀ ਏਕਤਾ ਤੇ ਸੱਟ ਮਾਰਨ ਲਈ ਵੀ ਵਰਤਣ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋਈ। ਇਸ ਕਦਰ ਤਸ਼ੱਦਦ ਅਤੇ ਭੜਕਾਊ ਪ੍ਰਚਾਰ ਦੇ ਬਾਵਜੂਦ ਵੀ ਸਰਕਾਰ ਪੰਜਾਬ ਵਿਚ ਕੋਈ ਫਿਰਕੂ ਫਸਾਦ ਨਾ ਕਰਾ ਸਕੀ।

ਇਸੇ ਤਰਾਂ ਕਨੇਡਾ ਵਿਚ ਵੀ ਕਨੇਡੀਅਨ ਸਰਕਾਰ ਅਤੇ ਉਹਦੇ ਝੋਲੀਚੁਕਾਂ ਤੇ ਮੀਡੀਏ ਨੇ ਇਸ ਦੁਖ਼ਾਂਤ ਨੂੰ ਕਨੇਡੀਅਨ ਲੋਕਾਂ ਨੂੰ ਨਸਲੀ ਆਧਾਰ ਤੇ ਵੰਡਣ ਲਈ ਵਰਤਿਆ। ਹਿੰਦੁਸਤਾਨੀਆਂ ਨੂੰ ਦਹਿਸ਼ਤਗਰਦ, ਜਾਹਲ ਅਤੇ ਵਹਿਸ਼ੀ ਕਰਕੇ ਦਿਖਾਇਆ ਜਾਂਦਾ ਰਿਹਾ। ਕਨੇਡੀਅਨ ਲੋਕਾਂ ਨੂੰ ਧਰਮ ਅਤੇ ਨਸਲ ਦੇ ਆਧਾਰ ਤੇ ਵੰਡਣ ਲਈ ਬਹੁਤ ਹੀ ਫਾਸ਼ੀ ਪ੍ਰਚਾਰ ਕਨੇਡੀਅਨ ਸਟੇਟ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੇ ਕੀਤਾ ਪਰ ਸਾਥੀ ਹਰਦਿਆਲ ਬੈਂਸ ਦੀ ਅਗਵਾਈ ਵਿਚ ਕਨੇਡੀਅਨ ਮਜ਼ਦੂਰ ਜਮਾਤ ਨੇ ਇਸ ਵਹਿਸ਼ੀ ਪ੍ਰਚਾਰ ਅਤੇ ਸਕੀਮ ਦਾ ਮੂੰਹ ਤੋੜ ਜਵਾਬ ਦਿੱਤਾ। ਸਾਥੀ ਬੈਂਸ ਨੇ ਉਸੇ ਵੇਲੇ ਹੀ ਲੋਕਾਂ ਨੂੰ ਸਾਵਧਾਨ ਕੀਤਾ ਕਿ ਕਨੇਡੀਅਨ ਹਾਕਮ ਜਮਾਤਾਂ ਇਸ ਤ੍ਰਾਸਦੀ ਨੂੰ ਲੋਕਾਂ ਵਿਚ ਫੁੱਟ ਪਾਉਣ ਲਈ ਵਰਤਣਗੀਆਂ ਅਤੇ ਇਸ ਲਈ ਲੋਕਾਂ ਚੌਕਸ ਰਹਿਣ ਦੀ ਲੋੜ ਹੈ। ਸਾਥੀ ਬੈਂਸ ਦੀ ਅਗਵਾਈ ਵਿਚ ਅਨੇਕਾਂ ਜਲਸਿਆਂ ਅਤੇ ਰੈਲੀਆਂ ਵਿਚ ਕਨੇਡੀਅਨ ਸਟੇਟ ਦੀ ਇਸ ਘਿਨਾਉਣੀ ਚਾਲ ਦੀ ਨਿਖੇਧੀ ਕੀਤੀ ਅਤੇ ਆਪਣੀ ਏਕਤਾ ਵਿਚ ਦਰਾੜ ਨਾ ਆਉਣ ਦਿੱਤੀ। ਵੈਂਨਕੂਵਰ ,ਟਰੌਂਟੋ ਅਤੇ ਹੋਰਨਾਂ ਥਾਵਾਂ ਤੇ ਕਨੇਡੀਅਨ ਸਰਕਾਰ ਅਤੇ ਉਨ੍ਹਾਂ ਦੇ ਝੋਲੀ ਚੁੱਕਾਂ ਨੇ ਲੋਕਾਂ ਵਿਚ ਫੁੱਟ ਪਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਏ।

ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਇਸ ਤ੍ਰਾਸਦੀ ਦੇ ਮੁਜਰਮਾਂ ਦਾ ਪਤਾ ਕਨੇਡੀਅਨ ਸਰਕਾਰ ੨੦ ਸਾਲ ਬਾਅਦ ਵੀ ਨਹੀਂ ਕਰ ਸਕੀ। ਇਹੋ ਜਿਹੇ ਦੁਖ਼ਾਂਤ, ਭਾਵੇਂ ਹਿੰਦੁਸਤਾਨ ਹੋਵੇ ਜਾਂ ਕਨੇਡਾ, ਇਹ ਖੁਫ਼ੀਆ ਏਜੇਂਸੀਆਂ ਦੀ ਨਜ਼ਰਸਾਨੀ ਹੇਠਾਂ ਹੀ ਜਥੇਬੰਦ ਕੀਤੇ ਜਾਂਦੇ ਹਨ। ਇਸ ਕਰਕੇ ਅਸਲੀ ਮੁਜਰਮ ਕਦੇ ਫੜੇ ਨਹੀਂ ਜਾਂਦੇ ਅਤੇ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ। ਕਨੇਡੀਅਨ ਸਟੇਟ ਅਤੇ ਹਿੰਦੁਸਤਾਨੀ ਸਟੇਟ ਦੋਵੇਂ ਹੀ ਇਨਸਾਫਪਸੰਦ ਨਹੀਂ ਹਨ ਅਤੇ ਨਾ ਹੀ ਇਸ ਤ੍ਰਾਸਦੀ ਲਈ ਜ਼ਿੰਮੇਵਾਰ ਮੁਜਰਮਾਂ ਨੂੰ ਸਜ਼ਾ ਦੇਣ ਵਿਚ ਦਿਲਚਸਪੀ ਰਖਦੀਆਂ ਹਨ। ਇਹ ਕੰਮ ਤਾਂ ਲੋਕਾਂ ਨੂੰ ਆਪ ਹੀ ਕਰਨਾ ਪੈਣਾ ਹੈ। ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਤੰਤਰ ਤੋਂ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਸਕਦਾ।